ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਬਲਾਕ-ਈ, ਛੇਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ:,ਫੇਜ਼-8 **ਐਸ.ਏ.ਐਸ ਨਗਰ**,ਮੁਹਾਲੀ
ਫੋਨ ਨੰਬਰ: 0172-2212221, ਫੈਕਸ ਨੰ: 0172-2212793

---

**ਵੱਲ**

**ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ.)**
**ਸਮੂਹ ਡਾਇਟ ਪ੍ਰਿੰਸੀਪਲ**
**ਪੰਜਾਬ।**

**ਮੀਮੋ ਨੰ:-** SCERT/PPP/2018/2018 50308 **ਮਿਤੀ:** 16/10/2018

**ਵਿਸ਼ਾ:- 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਤਹਿਤ ਪਹਿਲੀ ਤੋਂ ਪੰਜਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦੀ 1 ਨਵੰਬਰ 2018 ਤੋਂ ਮੱਧਵਰਤੀ ਜਾਂਚ ਸ਼ੁਰੂ ਕਰਨ ਬਾਰੇ।**

1.0 ਉਪਰੋਕਤ ਵਿਸ਼ੇ 'ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਪੰਜਾਬ ਸਰਕਾਰ ਵੱਲੋਂ ਰਾਜ ਦੇ ਸਮੂਹ ਸਰਕਾਰੀ ਪ੍ਰਾਇਮਰੀ ਸਕੂਲਾਂ ਅੰਦਰ ਪ੍ਰਾਇਮਰੀ ਸਿੱਖਿਆ ਵਿੱਚ ਗੁਣਾਤਮਿਕ ਸੁਧਾਰਾਂ ਦੇ ਉਦੇਸ਼ ਨੂੰ ਲੈ ਕੇ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਪ੍ਰੋਜੈਕਟ ਚਲਾਇਆ ਜਾ ਰਿਹਾ ਹੈ। ਸੈਸ਼ਨ 2018-19 ਦੌਰਾਨ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਤਹਿਤ ਪਹਿਲੀ ਤੋਂ ਪੰਜਵੀਂ ਤੱਕ ਦੇ ਵਿਦਿਆਰਥੀਆਂ ਦੀ ਮੱਧਵਰਤੀ ਜਾਂਚ 1 ਨਵੰਬਰ ਤੋਂ ਕਰਵਾਏ ਜਾਣ ਦੀ ਯੋਜਨਾਬੰਦੀ ਉਲੀਕੀ ਗਈ ਹੈ। ਮੱਧਵਰਤੀ ਜਾਂਚ ਦਾ ਕੰਮ ਇੱਕ ਮਹੱਤਵਪੂਰਨ ਅਤੇ ਜ਼ਿੰਮੇਵਾਰੀ ਭਰਪੂਰ ਕਾਰਜ ਹੈ। ਸਮੂਹ ਜ਼ਿਲ੍ਹਿਆਂ ਦੇ ਅਧਿਕਾਰੀਆਂ ਅਤੇ ਅਧਿਆਪਕਾਂ ਨੂੰ ਇਸ ਸਬੰਧ ਵਿੱਚ ਅਗਾਊਂ ਯੋਜਨਾਬੰਦੀ ਕਰਨ ਪੱਖੋਂ ਹੇਠ ਲਿਖੀਆਂ ਗੱਲਾਂ ਨੂੰ ਧਿਆਨ ਰੱਖਣਾ ਜ਼ਰੂਰੀ ਹੋਵੇਗਾ:-

2.1 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਮੁਲਾਂਕਣ ਰਜਿਸਟਰ ਵਿੱਚ ਵਿਦਿਆਰਥੀਆਂ ਦੇ ਨਾਂ ਪਹਿਲਾਂ ਤੋਂ ਹੀ ਭਰਕੇ ਰੱਖੇ ਜਾਣ ਅਤੇ ਬੇਸਲਾਈਨ ਦਾ ਡਾਟਾ ਰਜਿਸਟਰ ਉੱਤੇ ਹਰ ਪੱਖੋਂ ਪਹਿਲਾਂ ਹੀ ਮੁਕੰਮਲ ਹੋਵੇ। ਇਸ ਨਾਲ ਮੱਧਵਰਤੀ ਜਾਂਚ ਨੂੰ ਸਮੇਂ-ਸਿਰ ਪੂਰਾ ਕਰਨ ਵਿੱਚ ਮਦਦ ਮਿਲੇਗੀ।

2.2 ਜ਼ਿਲ੍ਹਾ ਕੋਆਰਡੀਨੇਟਰ ਆਪਣੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ) ਨਾਲ ਤਾਲਮੇਲ ਕਰਕੇ ਉਹਨਾਂ ਅਧਿਆਪਕਾਂ ਦੀ ਨਿਸ਼ਾਨਦੇਹੀ ਕਰਕੇ ਲਿਸਟਾਂ ਤਿਆਰ ਕਰਨਗੇ ਜਿਹਨਾਂ ਦੀ ਜਾਂਚ ਦੌਰਾਨ ਡਿਊਟੀ ਲਗਾਈ ਜਾਣੀ ਹੈ।

2.3 ਸਮੂਹ ਅਧਿਆਪਕ ਬੇਸਲਾਈਨ ਦੇ ਅੰਕੜਿਆਂ ਨੂੰ ਧਿਆਨ ਵਿੱਚ ਰੱਖਦਿਆਂ ਹੁਣ ਤੋਂ ਹੀ ਵਿਦਿਆਰਥੀਆਂ ਦੇ ਪੱਧਰਾਂ ਨੂੰ ਪੂਰੀ ਯੋਜਨਾਬੰਦੀ ਨਾਲ ਸੁਧਾਰਨ ਦਾ ਕੰਮ ਕਰਨਗੇ।

2.4 ਮੱਧਵਰਤੀ ਜਾਂਚ ਤੱਕ ਇਹ ਯਕੀਨੀ ਬਣਾਉਣਾ ਜ਼ਰੂਰੀ ਹੋਵੇਗਾ ਕਿ ਕੋਈ ਵੀ ਵਿਦਿਆਰਥੀ ਕਿਸੇ ਵੀ ਵਿਸ਼ੇ ਵਿੱਚ ਆਰੰਭਿਕ ਪੱਧਰ 'ਤੇ ਨਾ ਹੋਵੇ ਅਤੇ ਵਿਦਿਆਰਥੀ ਦੁਆਰਾ ਨਿਰਧਾਰਤ ਕੀਤੇ ਗਏ ਟੀਚੇ ਪੂਰੇ ਕੀਤੇ ਹੋਣ।

2.5 ਵਿਦਿਆਰਥੀ ਦੇ 100% ਨਤੀਜੇ ਲਈ ਹਰ ਅਧਿਆਪਕ ਦੁਆਰਾ ਸੁਹਿਰਦ ਯਤਨ ਕੀਤੇ ਜਾਣੇ ਜ਼ਰੂਰੀ ਹਨ।

2.6 ਹਰ ਸਕੂਲ/ਬਲਾਕ/ਜ਼ਿਲ੍ਹਾ ਆਪਣੇ ਕੁੱਲ ਵਿਦਿਆਰਥੀਆਂ ਵਿੱਚੋਂ ਟੀਚਾ ਪ੍ਰਾਪਤ ਅਤੇ ਟੀਚੇ ਤੋਂ ਪਿੱਛੇ ਵਿਦਿਆਰਥੀਆਂ ਸਬੰਧੀ ਅੰਕੜੇ ਦਾ ਵਿਸ਼ਲੇਸ਼ਣ ਕਰਕੇ ਵਿਦਿਆਰਥੀਆਂ ਦੇ ਸਿੱਖਣ ਪੱਧਰਾਂ ਨੂੰ ਉੱਚਾ ਚੁੱਕਣ ਲਈ ਕੰਮ ਕਰੇਗਾ।

2.7 ਜੋ ਵਿਦਿਆਰਥੀ ਮੁੱਢਲੀ ਜਾਂਚ ਦੌਰਾਨ ਆਪਣਾ ਟੀਚਾ ਪ੍ਰਾਪਤ ਕਰ ਚੁੱਕੇ ਹਨ, ਉਹਨਾਂ ਨੂੰ ਅਗਲੇ ਟੀਚਿਆਂ ਤੇ ਕੰਮ ਕਰਵਾਇਆ ਜਾਵੇ ਤਾਂ ਜੋ ਵਿਦਿਆਰਥੀਆਂ ਦੇ ਸਿੱਖਣ ਪੱਧਰਾਂ ਵਿੱਚ ਸੁਧਾਰ ਹੋਵੇ।

2.8 ਇਸ ਤੋਂ ਇਲਾਵਾ ਸਕੂਲਾਂ ਦੁਆਰਾ ਆਪਣੇ ਪੱਧਰ 'ਤੇ ਮਿਤੀ 11.10.2018 ਨੂੰ ਕੀਤੀ ਜਾਂਚ ਅਤੇ 22.10.2018 ਨੂੰ ਹੋਣ ਵਾਲੀ ਜਾਂਚ ਸਬੰਧੀ ਡਾਟੇ ਨੂੰ ਸੰਭਾਲਣ ਅਤੇ ਉਸਦਾ ਵਿਸ਼ਲੇਸ਼ਣ ਕਰਕੇ ਅਗਲੇਰੀ ਯੋਜਨਾਬੰਦੀ ਕਰਨ ਦਾ ਕੰਮ ਕੀਤਾ ਜਾਵੇ ਤਾਂ ਕਿ ਸਕੂਲ ਪੱਧਰ 'ਤੇ ਬੱਚਿਆਂ ਦੀ ਪ੍ਰਗਤੀ ਸਬੰਧੀ ਇੱਕ ਰਿਪੋਰਟ ਤਿਆਰ ਹੋ ਸਕੇ।

2.9 ਅਧਿਆਪਕ ਵਿਦਿਆਰਥੀਆਂ ਦੇ ਮਾਪਿਆਂ ਨਾਲ ਤਾਲਮੇਲ ਕਰਕੇ ਕਰਵਾਈ ਜਾ ਰਹੀ ਜਾਂਚ ਸਬੰਧੀ ਉਹਨਾਂ ਨੂੰ ਅਗਾਊਂ ਜਾਣੂੰ ਕਰਵਾਉਣਗੇ ਅਤੇ ਜਾਂਚ ਦੌਰਾਨ ਵਿਦਿਆਰਥੀਆਂ ਦੀ 100% ਦੀ ਹਾਜ਼ਰੀ ਨੂੰ ਯਕੀਨੀ ਬਣਾਉਣ ਲਈ ਕੰਮ ਕਰਨਗੇ।

3.0 ਹੁਕਮਾਂ ਦੀ ਇੰਨ੍ਹ-ਬਿੰਨ ਪਾਲਣਾ ਕੀਤੀ ਜਾਵੇ।

**ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ।**

**ਪਿੱਠ ਅੰਕਣ ਨੰ:** **ਮਿਤੀ:**

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:**

1. ਪੀ.ਏ.ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ
2. ਪੀ.ਏ.ਟੂ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
3. ਪੀ.ਏ.ਟੂ ਡੀ.ਪੀ.ਆਈ. (ਐ.ਸਿੱ), ਪੰਜਾਬ

**ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ।**